\

ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਸ.ਅ.ਸ.ਨਗਰ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8 ਸ.ਅ.ਸ. ਨਗਰ
(ਪ੍ਰੋਮੋਸ਼ਨ ਸੈਲ)

**ਦਫਤਰੀ ਕਾਰਜ ਲਈ ਨੋਟਿਸ**

1.0 ਮਾਨਯੋਗ ਹਾਈਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ ਨੰ: 28434 ਆਫ 2019 ਹਰਭਜਨ ਸਿੰਘ ਤੇ ਹੋਰ ਬਨਾਮ ਪੰਜਾਬ ਸਰਕਾਰ ਦਾਇਰ ਕੀਤੀ ਗਈ, ਜਿਸ ਵਿੱਚ ਮਿਤੀ 15-02-2023 ਦੇ ਹੁਕਮਾਂ ਦੇ ਸਨਮੁੱਖ ਵਿਭਾਗ ਵੱਲੋਂ ਮਿਤੀ 29-05-2024 ਨੂੰ ਮਾਸਟਰ/ਮਿਸਟ੍ਰੈਸ ਦੀ ਪ੍ਰੋਵੀਜਨਲ ਸਾਂਝੀ ਸੀਨੀਆਰਤਾ ਸੂਚੀ ਜਾਰੀ ਕਰ ਦਿੱਤੀ ਗਈ ਹੈ ਅਤੇ ਮਿਤੀ 06-07-2024 ਅਤੇ 05-08-2024 ਦੇ ਨੋਟਿਸ ਰਾਹੀਂ ਫਾਈਨਲ ਸੋਧਾਂ ਵੀ ਜਾਰੀ ਕਰ ਦਿੱਤੀਆਂ ਗਈਆਂ ਹਨ।

2.0 ਹੁਣ ਮਾਸਟਰ/ਮਿਸਟ੍ਰੈਸ ਕਾਡਰ ਤੋਂ **ਬਤੌਰ ਹੈਡ ਮਾਸਟਰ ਕਾਡਰ** ਵਿੱਚ ਪਦ-ਉਨੱਤੀ ਕਰਨ ਸਬੰਧੀ ਪ੍ਰੀਕ੍ਰਿਆ ਸੁਰੂ ਕੀਤੀ ਜਾਣੀ ਹੈ। ਇਸ ਲਈ ਹੇਠ ਅਨੁਸਾਰ ਕਰਮਚਾਰੀਆਂ ਦੀ ਸੀਨੀਅਰਤਾ ਅਨੁਸਾਰ ਪਦ-ਉਨੱਤੀ ਲਈ ਪਾਤਰਤਾ ਚੈਕ ਕਰਨ ਲਈ ਆਪਣੇ ਕੇਸ ਭੇਜਣਾ ਯਕੀਨੀ ਬਣਾਉਣਗੇ। ਜੋ **ਕਰਮਚਾਰੀ ਮਿਤੀ 31-08-2024 ਤੱਕ ਆਪਣੀ ਪਾਤਰਤਾ ਪੂਰੀ ਕਰਦੇ ਹੋਣ।**

3.0 ਕਰਮਚਾਰੀ ਆਪਣੇ ਕੇਸ ਵਿਭਾਗ ਵੱਲੋਂ ਜਾਰੀ ਕੀਤੇ ਗਏ ਪ੍ਰੋਫਾਰਮੇ ਅਨੁਸਾਰ ਭਰਨ ਉਪਰੰਤ ਆਪਣੇ ਡੀ ਡੀ ਓ ਤੋ ਹਸਤਾਖਰ ਕਰਵਾ ਕੇ ਹੇਠ ਦਿੱਤੇ ਸਡਿਊਲ ਅਨੁਸਾਰ ਨਿੱਜੀ ਤੌਰ ਤੇ ਹਾਜਰ ਹੋ ਕੇ ਜਮਾਂ ਕਰਵਾਉਣਗੇ।

| ਲੜੀ ਨੰ | ਕੈਟਾਗਿਰੀ | ਸੀਨੀਆਰਤਾ ਨੰ | ਮਿਤੀ ਅਤੇ ਸਮਾਂ | ਸਥਾਨ | ਵਿਸੇਸ ਕਥਨ |
|---|---|---|---|---|---|
| 1 | ਜਨਰਲ | 31090 ਤੋ 38000 | 30-9-24 10 ਤੋ 4 ਵਜੇ ਤੱਕ | ਸਿੱਖਿਆ ਭਰਤੀ ਡਾਇਰੈਕਟੋਰੇਟ ,ਫੇਜ3B1,ਮੋਹਾਲੀ | ਸਿਰਫ ਕੰਮ ਕਰਦੇ ਕਰਮਚਾਰੀ ਹੀ ਆਪਣਾ ਕੇਸ ਜਮਾਂ ਕਰਵਾਉਣਗੇ। |
| 2 | ਅ.ਜ | 31090 ਤੋ 40000 | ਓਹੀ | ਓਹੀ | |
| 3 | ਹੈਡੀਕੈਪਡ | 31090 ਤੋ62000 | ਓਹੀ | ਓਹੀ | |

4.0 ਕਰਮਚਾਰੀ ਨਾਲ ਨੱਥੀ ਪ੍ਰੋਫਾਰਮਾ (ਅਨੁਲੱਗ ੳ ਅਤੇ ਅ) ਭਰਕੇ, ਸਿਰਫ ਅਨੁਲੱਗ ੳ ਆਪਣੇ ਡੀ.ਡੀ.ਓ ਤੋਂ ਤਸਦੀਕ ਕਰਵਾਉਣਾ ਯਕੀਨੀ ਬਣਾਉਣਗੇ ਅਤੇ ਪ੍ਰੋਫਾਰਮੇ ਵਿੱਚ ਦਰਜ ਕੀਤੇ ਵੇਰਵਿਆਂ ਸਬੰਧੀ ਸਰਟੀਫਿਕੇਟਾਂ ਦੀਆਂ ਤਸਦੀਕ ਸੁਦਾ ਫੋਟੋਕਾਪੀਆਂ ਨਾਲ ਨੱਥੀ ਕਰਨਗੇ।

| ਲੜੀ ਨੰ | ਦਸਤਾਵੇਜ ਦੀ ਸੂਚੀ |
|---|---|
| 1 | ਅਨੁਲੱਗ ੳ ਅਤੇ ਅ |
| 2 | ਬਤੌਰ ਮਾਸਟਰ ਕਾਡਰ ਵਿੱਚ ਨਿਯੁਕਤੀ ਦੀ ਕਾਪੀ |

CamScanner

| | |
|---|---|
| 3 | ਬਤੌਰ ਮਾਸਟਰ ਕਾਡਰ ਵਿੱਚ ਹਾਜ਼ਰੀ ਰਿਪੋਰਟ ਦੀ ਕਾਪੀ |
| 4 | ਸਬੰਧਤ ਵਿਸ਼ੇ ਦੀ ਪੋਸਟ ਗ੍ਰੈਜੂਏਸ਼ਨ ਦੀ ਡੀ.ਐਮ.ਸੀ ਦੀ ਕਾਪੀ |
| 5 | ਸਬੰਧਤ ਵਿਸ਼ੇ ਦੀ ਪੋਸਟ ਗ੍ਰੈਜੂਏਸ਼ਨ ਡਿਗਰੀ ਦੀ ਕਾਪੀ |
| 6 | ਜੇਕਰ ਸੇਵਾ ਵਿੱਚ ਆਉਣ ਉਪਰੰਤ ਮਾਸਟਰ ਡਿਗਰੀ ਹਾਸਲ ਕੀਤੀ ਹੈ, ਤਾਂ ਮੰਨਜ਼ੂਰੀ ਪੱਤਰ ਦੀ ਕਾਪੀ |
| 7 | ਬੀ.ਐਡ ਦੀ ਡੀ.ਐਮ.ਸੀ ਦੀ ਕਾਪੀ |
| 8 | ਬੀ.ਐਡ ਦੀ ਡਿਗਰੀ ਦੀ ਕਾਪੀ |
| 9 | ਐਸ.ਸੀ ਕੈਟਾਗਿਰੀ ਸਰਟੀਫਿਕੇਟ, ਜੇਕਰ ਲਾਗੂ ਹੋਵੇ। |
| 10 | Disability ਸਰਟੀਫਿਕੇਟ only for Differently Abled |
| 11 | ਸਾਲ 2018-19 ਤੋਂ 2022-2023 ਤੱਕ ਦੀ ਏ.ਸੀ.ਆਰਜ਼ ਦੀ ਕਾਪੀ |
| 12 | ਪਰਖ ਕਾਲ ਸਮਾਂ ਮੁਕੰਮਲ ਕਰਨ ਸਬੰਧੀ ਪੱਤਰ ਦੀ ਕਾਪੀ |

5.0 ਜਿਨ੍ਹਾਂ ਕਰਮਾਰੀਆਂ ਦੇ ਲੋੜੀਂਦੇ ਵੇਰਵੇ ਹਰ ਪੱਖੋਂ ਮੁਕੰਮਲ ਹੋਣਗੇ ਕੇਵਲ ਉਨ੍ਹਾਂ ਮਾਸਟਰ/ਮਿਸਟ੍ਰੈਸ ਨੂੰ ਸਬੰਧਤ ਵਿਸ਼ੇ ਵਿੱਚ ਬਤੌਰ ਹੈਡਮਾਸਟਰ ਕਾਡਰ ਦੀ ਪਦ-ਉਨੱਤੀ ਲਈ ਵਿਚਾਰਿਆ ਜਾਵੇਗਾ।

6.0 ਕਰਮਚਾਰੀ ਦਾ ਮਿਤੀ 29-05-24 ਅਤੇ 05.08.2024 ਨੂੰ ਜਾਰੀ ਕੀਤੀ ਮਾਸਟਰ/ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਨੰਬਰ ਹੋਣਾ ਲਾਜ਼ਮੀ ਹੈ।

7.0 ਜਿਨ੍ਹਾਂ ਕਰਮਚਾਰੀਆਂ ਦੇ ਲੋੜੀਂਦੇ ਵੇਰਵੇ ਹਰ ਪੱਖੋਂ ਮੁਕੰਮਲ ਹੋਣਗੇ ਉਹ ਹੀ ਮਾਸਟਰ/ਮਿਸਟ੍ਰੈਸ ਤੋਂ ਬਤੌਰ ਹੈਡਮਾਸਟਰ ਕਾਡਰ ਦੀ ਪਦ-ਉਨੱਤੀ ਲਈ ਯੋਗ ਹੋਣਗੇ।

8.0 ਜਿਹੜੇ ਜਿਲ੍ਹੇ ਦੇ ਮਾਸਟਰ/ਮਿਸਟ੍ਰੈਸ ਡੈਪੂਟੇਸ਼ਨ ਤੇ ਯੂ.ਟੀ ਵਿੱਚ ਕੰਮ ਕਰ ਰਹੇ ਹਨ ਉਨ੍ਹਾਂ ਕਰਮਚਾਰੀਆਂ ਨੂੰ ਸੂਚਿਤ ਕਰਨਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਦੀ ਜਿੰਮੇਵਾਰੀ ਹੋਵੇਗੀ।

9.0 ਤਰੱਕੀ ਲਈ ਪਾਤਰਤਾ ਦੀ ਹਦਾਇਤਾਂ ਅਨੁਸਾਰ ਸਬੰਧਤ ਕਰਮਚਾਰੀ ਦੀ ਸਾਲ 2017-18 ਤੋਂ 2022-2023 ਤੱਕ ਪੰਜ ਸਾਲਾਂ ਦੀ ਏ.ਸੀ.ਆਰਜ ਵਾਚੀਆਂ ਜਾਣੀਆਂ ਹਨ। ਜੇਕਰ ਕਿਸੇ ਕਰਮਚਾਰੀ ਦੀ ਪਿੱਛਲੇ ਪੰਜ ਸਾਲਾਂ ਦੀਆਂ ਏ.ਸੀ.ਆਰਜ਼ ਵਿੱਚੋਂ ਕਿਸੇ ਵੀ ਸਾਲ/ਸਾਲਾਂ ਦੀ ਏ.ਸੀ.ਆਰ ਉਪਲਬੱਧ ਨਹੀਂ ਹਨ ਤਾਂ ਉਸ ਸਾਲ ਦਾ NRC ਅਤੇ ਪਹਿਲਾਂ ਦੇ ਸਾਲਾਂ ਦੀ ਏ.ਸੀ.ਆਰਜ ਦੇ ਵੇਰਵੇ/ਦਰਜ਼ਾਬੰਦੀ ਦਰਜ਼ ਕਰਵਾਉਣਗੇ।

10.0 ਜੋ ਮਾਸਟਰ/ਮਿਸਟ੍ਰੈਸ ਐਸ.ਸੀ ਕੈਟਾਗਿਰੀ ਅਤੇ Differently Abled ਕੈਟਾਗਿਰੀ ਨਾਲ ਸਬੰਧਤ ਹੈ, ਉਹ ਕਰਮਚਾਰੀ ਸਮਰਥ ਅਧਿਕਾਰੀ ਵੱਲੋਂ ਜਾਰੀ ਐਸ.ਸੀ /Disability ਸਰਟੀਫਿਕੇਟ for Differently Abled ਨਾਲ ਅਟੈਚ ਕਰਨਗੇ।

11.0 ਹੈਂਡੀਕੈਪਡ ਕੈਟਾਗਿਰੀ ਤੋਂ ਇਲਾਵਾ ਜੇਕਰ ਕੋਈ ਕਰਮਚਾਰੀ ਕਿਸੇ ਵੀ ਤਰ੍ਹਾਂ ਦੇ ਵਾਧੇ ਤੇ ਹਨ, ਉਨ੍ਹਾਂ ਨੂੰ ਪਦ-ਉਨੱਤੀ ਲਈ ਵਿਚਾਰਿਆ ਨਹੀਂ ਜਾਵੇਗਾ।

12.0 ਸਕਰੂਟਨੀ ਤੇ ਹਾਜਰ ਹੋਣਾ ਦਫਤਰੀ ਕੰਮਕਾਜ ਦਾ ਹਿੱਸਾ ਹੈ। ਇਹ ਪਦਉੱਨੱਤੀ ਦਾ ਕੋਈ ਅਧਾਰ ਨਹੀ ਹੋਵੇਗਾ।

ਮਿਤੀ: 23/09/2024

ਸਹਾਇਕ ਡਾਇਰੈਕਟਰ (ਪ੍ਰਮੋਸ਼ਨ ਸੈਲ)

CamScanner